بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.10.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 1 ਅਕਤੂਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ باللّٰه من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਯੂਰਪ, ਸਪੇਨ ਤੇ ਸਿਸਲੀ ਵਿੱਚ ਪ੍ਰਚਾਰ ਬਾਰੇ ਇਕ ਭਾਸ਼ਣ ਦਿੰਦਿਆਂ ਹੋਇਆਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਕਾਲ ਦੀਆਂ ਗਲੱਾਂ ਕਰਦਿਆਂ ਹੋਇਆਂ ਫ਼ਰਮਾਇਆ ਕਿ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੇ ਸ਼ਾਮ ਦੀ ਲੜਾਈ ਵਿੱਚ ਸਿਪਾਹੀਆਂ ਦੀ ਘਾਟ ਅਤੇ ਦੁਸ਼ਮਣਾ ਦੀ ਗਿਣਤੀ ਬਹੁਤੀ ਹੋਣ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਹੋਰ ਫੌਜ ਭੇਜਣ ਬਾਰੇ ਬਿਨਤੀ ਕੀਤੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਵੱਖ ਵੱਖ ਕਬੀਲਿਆਂ ਨਾਲ ਮਸ਼ਵਰਾ ਕਰਨ ਦੇ ਬਾਦ ਇਕ ਕਬੀਲੇ ਵਿੱਚ ਗਭਰੂ ਇਕੱਠੇ ਕਰਕੇ ਹਜ਼ਰਤ ਅਬੂ ਉਬੈਦਹ ਨੂੰ ਲਿੱਖਿਆ ਕਿ ਤਿੰਨ ਹਜ਼ਾਰ ਸਿਬਾਹੀ ਅਤੇ ਤਿੰਨ ਹਜ਼ਾਰ ਦੇ ਬਰਾਬਰ ਉਮਰੋ ਬਿਨ ਮਅਦੀ ਕਰਬ ਨੂੰ ਤੁਹਾਡੀ ਮਦਦ ਲਈ ਭੇਜ ਰਿਹਾ ਹਾਂ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਸਾਡੇ ਇਕ ਨੌਜੁਆਨ ਨੂੰ ਜੇਕਰ ਤਿੰਨ ਹਜ਼ਾਰ ਵਿਕਤੀਆਂ ਦੇ ਮੁਕਾਬਲੇ ਲਈ ਭੇਜਿਆ ਜਾਏ ਤਾਂ ਉਹ ਕਹੇਗਾ ਕਿ ਇਹ ਅਕਲ ਦੇ ਵਿਰੁਧ ਗੱਲ ਹੈ, ਪਰ ਉਹਨਾ ਲੋਕਾਂ ਨੇ ਆਪਣੇ ਇਮਾਨ ਦੀ ਮਜ਼ਬੂਤੀ ਅਤੇ ਸਮੇਂ ਦੇ ਖ਼ਲੀਫ਼ਾ ਦੀ ਗੱਲ ਨੂੰ ਮਹਤੱਾ ਦੇਣ ਦੇ ਸਬਬ ਇਕੱਲਿਆਂ ਉਮਰੋ ਬਿਨ ਮਅਦੀ ਕਰਬ'ਤੇ ਇਤਰਾਜ਼ ਕਰਨ ਦੀ ਥਾਂ ਬਹੁਤ ਸ਼ਾਨ ਸ਼ੌਕਤ ਨਾਲ ਨਾਰੇ ਲਾਕੇ ਉਸ ਦਾ ਸਵਾਗਤ ਕੀਤਾ । ਜਿਸ ਦੇ ਸਬਬ ਦੁਸ਼ਮਣ ਸਮਝਿਆ ਕਿ ਸ਼ਾਇਦ ਲੱਖ ਦੋ ਲੱਖ ਫ਼ੌਜ ਮੁਸਲਮਾਨਾ ਦੀ ਮਦਦ ਲਈ ਆ ਗਈ ਹੈ ਅਤੇ ਉਹ ਡਰ ਦੇ ਮਾਰੇ ਮੈਦਾਨੇ ਜੰਗ ਵਿੱਚੋਂ ਹਾਰ ਖਾਕੇ ਭੱਜ ਗਏ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਸਾਨੂੰ ਵੀ ਇਸੇ ਪ੍ਰਕਾਰ ਆਪਣੇ ਮਨ ਨੂੰ ਤਸੱਲੀ ਦੇਣੀ ਹੋਵੇਗੀ । ਆਪ ਰਜ਼ੀ ਅਲੱਾਹੁ ਅਨਹੁ ਦੱਸ ਰਹੇ ਸਨ ਕਿ ਯੂਰਪ ਵਿੱਚ ਸਪੇਨ ਵਿੱਚ ਅਤੇ ਸਿਸਲੀ ਆਦਿ ਵਿੱਚ ਪ੍ਰਚਾਰ ਕਿਵੇਂ ਕਰਨਾ ਹੈ ਇਸ ਬਾਰੇ ਇਹ ਗੱਲ ਵਰਨਣ ਕੀਤੀ ।

ਮਿਸਰ ਦੀਆਂ ਜਿਤੱਾਂ ਵਿੱਚ ਫ਼ਰਮਾ ਦੀ ਜੰਗ ਵਰਨਣ ਯੋਗ ਹੈ । ਫ਼ਰਮਾ ਮੱਧ ਸਾਗਰ ਤੇ ਪਲੂਜ਼ੀ ਦੇ ਕੰਢੇ ਨੇੜੇ ਨੀਲ ਦਰਿਆ ਦੇ ਨਾਲ ਇਕ ਪਹਾੜੀ'ਤੇ ਵੱਸਿਆ ਮਿਸਰ ਦਾ ਇਕ ਪ੍ਰਸਿੱਧ ਸ਼ਹਿਰ ਹੈ ਅਲਾਮਾ ਸ਼ਿਬਲੀ ਨੁਮਾਨੀ ਅਨੁਸਾਰ ਬੈਤੁਲ

ਮੁਕਦੱਸ ਦੀ ਜਿੱਤ ਦੇ ਬਾਦ ਹਜ਼ਰਤ ਉਮੱਰੋ ਬਿਨ ਆਸ ਦੇ ਹੱਠ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮੱਰੋ ਬਿਨ ਆਸ ਨੂੰ ਚਾਰ ਹਜ਼ਾਰ ਦਾ ਲਸ਼ਕਰ ਦੇਕੇ ਮਿਸਰ ਵੱਲ ਰਵਾਨਾ ਕੀਤਾ ਪਰ ਨਾਲ ਹੀ ਇਹ ਵੀ ਆਦੇਸ਼ ਦਿਤੱਾ ਕਿ ਜੇਕਰ ਮਿਸਰ ਪਹੁੰਚਣ ਤੋਂ ਪਹਿਲਾਂ ਮੇਰਾ ਪਤੱਰ ਮਿਲੇ ਤਾਂ ਵਾਪਸ ਪਰਤ ਆਉਂਣਾ । ਇਸ ਬਾਰੇ ਵੱਖ ਵੱਖ ਰਿਵਾਇਤਾਂ ਮਿਲਦੀਆਂ ਹਨ ਪਰ ਠੀਕ ਇਹੋ ਲਗੱਦੀ ਹੈ ਕਿ ਮਿਸਰ ਦੀਆਂ ਸੀਮਾਵਾਂ ਅੰਦਰ ਅਰੀਸ਼ ਵਿੱਚ ਉਹਨਾਂ ਨੂੰ ਪਤੱਰ ਮਿਲਿਆ ਸੀ ਅਤੇ ਮਿਸਰ ਵਿੱਚ ਦਾਖ਼ਲ ਹੋਣ ਦੇ ਬਾਦ ਫਿਰ ਉਹਨਾ ਨੂੰ ਅੱਗੇ ਹੀ ਵਧੱਣਾ ਸੀ ਕਿਉਂਕਿ ਮੋਮਿਨ ਦਾ ਉਠਿਆ ਕਦਮ ਪਿੱਛੇ ਨਹੀਂ ਹਟੱਦਾ । ਰੋਮੀਆਂ ਨੇ ਇਸਲਾਮੀ ਲਸ਼ਕਰ ਦੀ ਸਧਾਰਣ ਤੇ ਆਪਣੀ ਬਹੁਤੀ ਤਿਆਰੀ ਦੇਖਕੇ ਇਸ ਵਿਚਾਰ ਨਾਲ ਕਿ ਮੁਸਲਮਾਨਾ ਦਾ ਹੌਂਸਲਾ ਛੇਤੀ ਹੀ ਟੁੱਟ ਜਾਵੇਗਾ ਆਪਣੇ ਆਪਨੂੰ ਕਿਲਾਬੰਦ ਕਰ ਲਿਆ । ਹਜ਼ਰਤ ਉਮੱਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਨੇ ਕਈ ਮਹੀਨਿ ਘੇਰਾਬੰਦੀ ਕਰਨ ਦੇ ਬਾਦ ਕਿਲੇ ਵਿੱਚੋਂ ਨਿਕਲੀ ਰੂਮੀ ਫ਼ੌਜ ਦੇ ਇਕ ਜੱਥੇ ਨੂੰ ਲੜਾਈ ਦੇ ਬਾਦ ਪਰਾਜਿੱਤ ਕਰਕੇ ਖੁੱਲੀ ਜਿੱਤ ਦਾ ਮਾਰਗ ਸਾਫ਼ ਕਰ ਲਿਆ ।

ਹਜ਼ਰਤ ਉਮੱਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਨੇ ਸ਼ਾਮ ਦੇ ਮਾਰਗ'ਤੇ ਫ਼ਸਤਾਤ ਤੋਂ ਤਿੰਨ ਮੀਲ ਦੂਰ ਇਕ ਸ਼ਹਿਰ ਦੀ ਜਿੱਤ ਲਈ ਮੂੰਹ ਮੋੜਿਆ ਤਾਂ ਰੂਮੀ ਫ਼ੌਜ ਦੇ ਲੜਾਈ ਦੇ ਉਦੇਸ਼ ਨਾਲ ਆਪ ਰਜ਼ੀ ਅਲੱਾਹੁ ਅਨਹੁ ਦਾ ਮਰਗ ਰੋਕ ਲਿਆ । ਲੜਾਈ ਦੀ ਥਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਇਸਲਾਮ ਲਿਆਉਣ ਅਤੇ ਜਜ਼ੀਆ (ਟੈਕਸ) ਦੇਣ ਦੀ ਵਿਉਂਤ ਪੇਸ਼ ਕਰਦਿਆਂ ਹੋਇਆਂ ਮਿਸਰ ਵਾਸੀਆਂ ਨਾਲ ਮਿਹਰ ਤੇ ਉਪਕਾਰ ਦਾ ਸੁਲੂਕ ਕਰਨ ਬਾਰੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਫ਼ਰਮਾਨਾ ਦਾ ਵੀ ਵਰਨਣ ਕੀਤਾ । ਆਪ ਰਜ਼ੀ ਅਲੱਾਹੁ ਅਨਹੁ ਦੇ ਚਾਰ ਦਿਨਾਂ ਦੀ ਮੁਹਲਤ ਦੇਣ ਦੇ ਬਾਦ ਵੀ ਮਿਸਰ ਦੇ ਹਾਕਮ ਅਰਤਬੂਨ ਨੇ ਬਾਰ੍ਹਾਂ ਹਜ਼ਾਰ ਦੇ ਲਸ਼ਕਰ ਨਾਲ ਰਾਤ ਸਮੇਂ ਮੁਸਲਮਾਨਾ'ਤੇ ਹਮਲਾ ਕਰਕੇ ਵਾਹਵਾ ਗਿਣਤੀ ਸ਼ਹੀਦ ਕਰ ਦਿੱਤੀ ਜੱਦਕਿ ਉਹ ਆਪਣੇ ਇਕ ਹਜ਼ਾਰ ਸਿਪਾਹੀ ਕਤਲ ਕਰਾਉਣ ਤੇ ਤਿੰਨ ਹਜ਼ਾਰ ਸਿਪਾਹੀ ਗ੍ਰਿਫ਼ਤਾਰ ਹੋਣ'ਤੇ ਮੈਦਾਨ ਛਡੱਕੇ ਭੱਜ ਗਿਆ । ਬਲਬੀਸ ਵਿੱਚ ਇਕ ਮਹੀਨਿ ਤੱਕ ਜੰਗ ਜਾਰੀ ਰਹਿਣ ਮਗਰੋਂ ਅੰਤ ਮੁਸਲਮਾਨਾ ਦੀ ਜਿੱਤ ਹੋਈ ।

ਜੰਗੀ ਖਿੱਚ ਧੂਹ ਵਿੱਚ ਕਬਤੀਆਂ ਦੇ ਸਰਦਾਰ ਮਕੱੋਕਸ ਦੀ ਚਹੇਤੀ ਬੇਟੀ ਅਰਮਾਨੋਸਾ ਗ੍ਰਿਫ਼ਤਾਰ ਹੋਈ । ਹਜ਼ਰਤ ਉਮੱਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਨੇ ਆਇਤ (هَلْ جَزَآءُ الْإِحْسَانِ إِلَّا الْإِحْسَانُ 'ਹਲ ਜਜ਼ਾਉਲ ਇਹਸਾਨ ਇਲੱਲ ਇਹਸਾਨ' ਅਨੁਸਾਰ ਕੀਤਾ, ਉਪਕਾਰ ਦਾ ਬਦਲਾ ਉਪਕਾਰ ਤੋਂ ਬਿਨਾ ਵੀ ਹੋ ਸਕਦਾ ਹੈ ।) ਦੇ ਹਵਾਲੇ ਅਨੁਸਾਰ ਮਕੱੋਕਸ ਵੱਲੋਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਕੋਲ ਤੋਹਫ਼ਾ ਭੇਜਣ ਕਰਕੇ ਮਕੱੋਕਸ ਦੀ ਬੇਟੀ ਨੂੰ ਉਸ ਦੇ ਸਾਰਿਆਂ ਗਹਿਣਿਆਂ ਅਤੇ ਸੇਵਕਾਂ ਨਾਲ ਅਤਿਅੰਤ ਸਨਮਾਨ ਨਾਲ ਵਾਪਸ ਭੇਜ ਦਿਤੱਾ । ਵਾਪਸ ਹੁੰਦਿਆਂ ਹੋਇਆਂ ਉਸ ਦੀ ਸੇਵਿਕਾ ਨੇ ਅਰਮਾਨੋਸਾ ਨੂੰ ਕਿਹਾ, ਅਸੀਂ ਚਾਰੇ ਪਾਸਿਓਂ ਅਰਬਾਂ ਨਾਲ ਘਿਰੇ ਹੋਏ ਹਾਂ । ਅਰਮਾਨੋਸਾ ਨੇ ਕਿਹਾ ਮੈਂ ਅਰਬੀ ਖ਼ੈਮਿਆਂ ਵਿੱਚ ਜਾਨ ਤੇ ਇਜ਼ੱਤ ਨੂੰ ਸੁਰੱਖਿਅਤ ਸਮਝਦੀ ਹਾਂ, ਪਰ ਆਪਣੇ ਪਿਤਾ ਦੇ ਕਿਲੇ ਵਿੱਚ ਆਪਣੀ ਜਾਨ ਨੂੰ ਸੁਰੱਖਿਅਤ ਨਹੀਂ ਸਮਝਦੀ । ਫਿਰ ਜੱਦ ਉਹ ਆਪਣੇ ਪਿਤਾ ਕੋਲ ਪਹੁੰਚੀ ਤਾਂ ਉਸ ਨਾਲ ਮੁਸਲਮਾਨਾ ਦਾ ਇਹ ਵਰਤਾਉ ਦੇਖਕੇ ਉਹ ਬਹੁਤ ਖ਼ੁਸ਼ ਹੋਇਆ ।

ਸਾਰਿਆਂ ਯੋਗ ਸਹਾਬਾ ਨੇ ਹਜ਼ਰਤ ਉਮੱਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਦੇ ਇਸ ਫ਼ੈਸਲੇ ਨੂੰ ਠੀਕ ਕਿਹਾ । ਇਹ ਘਟਨਾ ਮੁਸਲਮਾਨਾ ਦੀ ਸੂਝ ਬੂਝ, ਉਦਾਰਤਾ ਤੇ ਆਚਣ ਦਾ ਪ੍ਰਮਾਣ ਹੈ ।

ਨੀਲ ਦਰਿਆ'ਤੇ ਤਰਾਜਾਨ ਖਾੜੀ ਦੇ ਸਰੋਤ ਕੋਲ, ਜਿੱਥੇ ਅੱਜ ਕਲ ਕਾਹਿਰਾ ਦਾ ਗੁਆਂਢ ਉਜ਼ਬੇਕੀਆ ਹੈ ਉੱਥੇ ਇਸ ਯੁੱਗ ਵਿੱਚ ਉਮਦਨੈਨ ਦੀ ਬਸਤੀ ਵਸਦੀ ਸੀ ਜਿਸਨੂੰ ਰੋਮੀਆਂ ਨੇ ਕਿਲਾਬੰਦੀ ਕਰ ਰੱਖੀ ਸੀ । ਇਸ ਪੱਖੋਂ ਉਮਦਨੈਨ ਨੂੰ ਮਿਸਰੀਆਂ ਦੀ ਸਭ ਤੋਂ ਪਹਿਲੀ ਰੱਖਿਆਤਮਕ ਚੌਕੀ ਕਿਹਾ ਜਾ ਸਕਦਾ ਹੈ । ਉਮਦਨੈਨ ਦੇ ਨੇੜੇ ਜਾਕੇ ਮੁਸਲਮਾਨਾ ਨੇ ਪੜਾਅ ਕੀਤਾ । ਰੋਮੀਆਂ ਨੇ ਕਿਲਾ ਬਾਬਲੀਉਨ ਵਿੱਚ ਆਪਣੀ ਵਧੀਆ ਫ਼ੌਜ ਪਹੁੰਚਾ ਦਿੱਤੀ ਸੀ ਅਤੇ ਉਮਦਨੈਨ ਦੇ ਕਿਲੇ ਨੂੰ ਖ਼ੂਬ ਚੰਗੀ ਤਰ੍ਹਾਂ ਮਜ਼ਬੂਤ ਕਰਕੇ ਜੰਗ ਲਈ ਤਿਆਰ ਹੋ ਗਏ ਸਨ । ਉਹ ਜਾਣਦੇ ਸਨ ਕਿ ਅਰਬਾਂ ਨਾਲ ਖ਼ੁੱਲੇ ਮੈਦਾਨ ਵਿੱਚ ਲੜਨਾ ਉਹਨਾ

ਦੇ ਵੱਸ ਦੀ ਗੱਲ ਸਹੀਂ । ਉਮਦਨੈਨ ਦੀਆਂ ਫ਼ੌਜਾਂ ਕਦੇ ਕਦਾਈਂ ਨਿਕਲਦੀਆਂ ਅਤੇ ਅਸਫ਼ਲ ਝੜਪਾਂ ਦੇ ਬਾਦ ਪਰਤ ਜਾਂਦੀਆਂ । ਕਈ ਹਫ਼ਤੇ ਇਸੇ ਪ੍ਰਕਾਰ ਲੰਘ ਗਏ । ਇਸੇ ਸਮੇਂ ਦੌਰਾਨ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਚਾਰ ਹਜ਼ਾਰ ਸਿਪਾਹੀ ਭੇਜੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਹ ਜਥੱਾ ਭੇਜਣ ਦੇ ਨਾਲ ਹਜ਼ਰਤ ਉਮਰੋ ਬਿਨ ਆਸ ਨੂੰ ਪਤੱਰ ਲਿੱਖਿਆ ਕਿ ਹੁਣ ਤੁਹਾਡੇ ਨਾਲ ਬਾਰ੍ਹਾਂ ਹਜ਼ਾਰ ਜੰਗਜੂ ਹਨ । ਇਹ ਗਿਣਤੀ ਘਾਟ ਕਰਕੇ ਕਦੇ ਵੀ ਪਰਾਜਿਤ ਨਹੀਂ ਹੋਵੇਗੀ । ਰੋਮੀ, ਜੰਗਜੂ ਕਬਤੀਆਂ ਨੂੰ ਨਾਲ ਲੈਕੇ ਮੁਸਲਮਾਨਾ ਦਾ ਮੁਕਾਬਲਾ ਕਰਨ ਲਈ ਨਿਕਲੇ । ਦੋਹਾਂ ਫ਼ੌਜਾਂ ਵਿੱਚ ਘਮਸਾਨ ਦਾ ਯੁੱਧ ਹੋਇਆ ਅਤੇ ਦੁਸ਼ਮਣਾ ਦੀ ਹਾਰ ਹੋਈ ।

ਭਿੰਨ ਭਿੰਨ ਜਿਤੱਾ ਬਾਰੇ ਚਰਚਾ ਚੱਲ ਰਹੀ ਹੈ, ਉਮਦਨੈਨ ਦੀ ਜਿੱਤ ਦੇ ਬਾਦ ਸਭ ਤੋਂ ਪਹਿਲਾਂ ਫ਼ਯੂਮ ਦੇ ਪੂਰੇ ਸੂਬੇ'ਤੇ ਅਤੇ ਐਨੁਸ਼ੱਮਸ ਵਿੱਚ ਮੁਸਲਮਾਨਾ ਨੇ ਰੋਮੀਆਂ'ਤੇ ਜਿੱਤ ਹਾਸਲ ਕੀਤੀ । ਸੂਬਾ ਮਨੂਫ਼ੀਆ ਦੇ ਦੋ ਸ਼ਹਿਰਾਂ ਅਸਰੇਬ ਤੇ ਮਨੂਫ਼ੀਆ'ਤੇ ਜਿੱਤ ਹਾਸਲ ਕੀਤੀ । ਕਿਲਾ ਬਾਬਲੀਊਨ ਜਾਂ ਫ਼ਸਤਾਤ ਦੇ ਸੱਤ ਮਹੀਨਿਆਂ ਦੀ ਘੇਰਾਬੰਦੀ ਦੇ ਬਾਦ ਅੰਦਰ ਜਾਕੇ ਲੜਦਿਆਂ ਹੋਇਆਂ ਜਿੱਤ ਪ੍ਰਾਪਤ ਕੀਤੀ ।

ਫ਼ਸਤਾਤ ਦੀ ਜਿੱਤ ਦੇ ਬਾਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸਕੰਦਰੀਆ ਜਿਤੱਣ ਦੀ ਵੀ ਆਗਿਆ ਦੇ ਦਿੱਤੀ। ਇਸਕੰਦਰੀਆਂ ਦਾ ਘੇਰਾ ਨੌ ਮਹੀਨਿਆਂ ਤੱਕ ਜਾਰੀ ਰਿਹਾ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਚਿੰਤਾ ਹੋਈ ਅਤੇ ਆਪ ਰਜ਼ੀ ਅਲੱਾਹੁ ਅਨਹੁ ਨੇ ਪਤੱਰ ਰਾਹੀਂ ਲਿੱਖਿਆ ਕਿ ਸ਼ਾਇਦ ਤੁਸੀਂ ਲੋਕ ਉੱਥੇ ਰਹਿ ਕੇ ਐਸ਼ਪ੍ਰਸਤ ਹੋ ਗਏ ਹੋ, ਵਰਨਾ ਜਿਤੱਣ ਵਿੱਚ ਐਨ੍ਹੀ ਦੇਰ ਨ ਹੁੰਦੀ । ਇਸ ਸੰਦੇਸ਼ ਨਾਲ ਮੁਸਲਮਾਨਾ ਵਿੱਚ ਜਿਹਾਦ ਬਾਰੇ ਭਾਸ਼ਣ ਦੇਕੇ ਹਮਲਾ ਕਰੋ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਇਹ ਪਤੱਰ ਸੁਣਾਉਂਣ ਦੇ ਬਾਦ ਹਜ਼ਰਤ ਉਮਰੋ ਬਿਨ ਆਸ ਨੇ ਹਜ਼ਰਤ ਅਬਾਦਹ ਬਿਨ ਸਾਮਤ ਨੂੰ ਬੁਲਾਇਆ ਅਤੇ ਝੰਡਾ ਉਹਨਾ ਦੇ ਸੁਪੁਰਦ ਕਰ ਦਿਤੱਾ । ਮੁਸਲਮਾਨਾ ਨੇ ਅਤਿਅੰਤ ਤਿਖੱਾ ਹਮਲਾ ਕੀਤਾ ਅਤੇ ਸ਼ਹਿਰ ਨੂੰ ਜਿੱਤ ਲਿਆ । ਇਸੇ ਸਮੇਂ ਹਜ਼ਰਤ ਉਮਰੋ ਰਜ਼ੀ ਅਲੱਾਹੁ ਅਨਹੁ ਨੇ ਮਦੀਨੇ ਵੱਲ ਸੰਦੇਸ਼ਵਾਹਕ ਭੇਜਿਆ ਅਤੇ ਉਸਨੂੰ ਕਿਹਾ ਕਿ ਜਿੰਨ੍ਹੀ ਛੇਤੀ ਹੋ ਸਕੇ ਜਾਓ ਅਤੇ ਅਮੀਰੁਲ ਮੋਮਿਨੀਨ ਨੂੰ ਖ਼ੁਸ਼ਖਬਰੀ ਸੁਣਾਓ । ਦੂਤ ਦੁਪਹਿਰ ਸਮੇਂ ਮਦੀਨੇ ਪਹੁੰਚਿਆ, ਇਸ ਵਿਚਾਰ ਨਾਲ ਕਿ ਇਹ ਆਰਾਮ ਦਾ ਸਮਾਂ ਹੈ ਪਹਿਲਾਂ ਸਿਧੱਾ ਮਸਜਿਦ ਨਬਵੀ ਵੱਲ ਮੂੰਹ ਕੀਤਾ । ਇਤਫ਼ਾਕ ਨਾਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸੇਵਿਕਾ ਉਧੱਰ ਆਣ ਨਿਕਲੀ ਅਤੇ ਉਸਨੇ ਉਸੇ ਸਮੇਂ ਜਾਕੇ ਅਮੀਰੁਲ ਮੋਮਿਨੀਨ ਨੂੰ ਖ਼ਬਰ ਦਿੱਤੀ । ਜਿੱਤ ਦਾ ਹਾਲ ਸੁਣਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉਸੇ ਸਮੇਂ ਧਰਤੀ'ਤੇ ਡਿੱਗੇ ਅਤੇ ਰੱਬ ਦਾ ਧੰਨਵਾਦ ਕੀਤਾ । ਫ਼ਿਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸੰਦੇਸ਼ਵਾਹਕ ਨੂੰ ਪੁੱਛਿਆ ਕਿ ਤੁਸੀਂ ਮੇਰੇ ਕੋਲ ਸਿਧੱਾ ਕਿਉਂ ਨਹੀਂ ਆਏ, ਉਸਨੇ ਕਿਹਾ ਕਿ ਮੈਂ ਸੋਚਿਆ ਕਿ ਆਪ ਆਰਾਮ ਕਰ ਰਹੇ ਹੋਣਗੇ, ਫ਼ਰਮਾਇਆ ਕਿ ਤੁਸੀਂ ਮੇਰੇ ਬਾਰੇ ਇਹ ਗੁਮਾਨ ਕਿਉਂ ਕੀਤਾ । ਦਿਨ ਸਮੇਂ ਸੋਵਾਂਗਾ ਤਾਂ ਖ਼ਿਲਾਫ਼ਤ ਦਾ ਭਾਰ ਕੌਣ ਚੁੱਕੇਗਾ ।

ਇਸਕੰਦਰੀਆ ਦੀ ਜਿੱਤ ਨਾਲ ਸਾਰਾ ਮਿਸਰ ਫ਼ਤਹਿ ਹੋ ਗਿਆ । ਇਹਨਾ ਮਾਰਕਿਆਂ ਵਿੱਚ ਬਹੁਤ ਅਧਿਕ ਕੈਦੀ ਬਣਾਏ ਗਏ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸਾਰਿਆਂ ਕੈਦੀਆਂ ਬਾਰੇ ਹਜ਼ਰਤ ਉਮਰੋ ਨੂੰ ਪਤੱਰ ਰਾਹੀਂ ਫ਼ਰਮਾਨ ਭੇਜਿਆ ਕਿ ਸਾਰਿਆਂ ਨੂੰ ਬੁਲਾਕੇ ਕਹਿ ਦਿਓ ਕਿ ਉਹਨਾ ਨੂੰ ਅਖ਼ਤਿਆਰ ਹੈ ਕਿ ਮੁਸਲਮਾਨ ਹੋ ਜਾਣ ਜਾਂ ਆਪਣੇ ਧਰਮ'ਤੇ ਸਿਥਿਰ ਰਹਿਣ ।

ਇਸਕੰਦਰੀਆ ਦੀ ਫ਼ਤਹਿ ਬਾਰੇ ਵਿਰੋਧੀਆਂ ਵਿਸ਼ੇਸ਼ ਕਰਕੇ ਇਸਾਈ ਲੇਖਕਾਂ ਵੱਲੋਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਹੁਕੁਮ'ਤੇ 'ਦਾਰੇ ਕੁਤੁਬ' ਇਸਕੰਦਰੀਆ ਅਰਥਾਤ ਲਾਇਬ੍ਰੇਰੀ ਨੂੰ ਛੇ ਮਹੀਨੇ ਤੱਕ ਬੱਲਦੀ ਅੱਗ ਵਿੱਚ ਸਾੜਨ ਦੇ ਇਤਰਾਜ਼ ਨਾਲ ਇਹ ਪ੍ਰਭਾਵ ਪੈਦਾ ਕਰਨ ਦਾ ਜਤਨ ਕੀਤਾ ਜਾਂਦਾ ਹੈ ਕਿ ਮੁਸਾਲਮਾਨ ਨਊਜ਼ਬਿਲੱਾਹਿ (ਰੱਬ ਨ ਕਰੇ) ਗਿਆਨ ਤੇ ਅਕਲ ਦੇ ਵਿਰੋਧੀ ਸਨ । ਜੱਦ ਕਿ ਜਿਸ ਕੌਮ ਨੂੰ ਉਸਦੇ ਰਹਿਨੁਮਾ ਅਰਥਾਤ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲੱਮ ਨੇ

ਇਹ ਫ਼ਰਮਾਇਆ ਹੋਵੇ ਕਿ ਗਿਆਨ ਹਾਸਲ ਕਰਨਾ ਹਰ ਮੁਸਲਮਾਨ ਲਈ ਫ਼ਰਜ਼ ਹੈ ਅਤੇ ਗਿਆਲ ਹਾਸਲ ਕਰੋ ਭਾਵੇਂ ਚੀਨ ਜਾਣਾ ਪਵੇ । ਅਜਿਹੇ ਲੋਕਾਂ'ਤੇ ਕਿਤਾਬ ਘਰ ਨੂੰ ਸਾੜਨ ਦਾ ਦੋਸ਼ ਲਾਉਂਣਾ ਅਕਲ ਤੇ ਬੋਧ ਦੇ ਉਸੂਲਾਂ ਦੇ ਵਿਰੁਧ ਹੈ । ਅਨੇਕਾਂ ਹੀ ਇਸਾਈ ਅਤੇ ਯਰੋਪੀਅਨ ਖੋਜੀਆਂ ਨੇ ਵੀ ਸਾਬਤ ਕੀਤਾ ਹੈ ਕਿ ਇਸਕੰਦਰੀਆ ਦੇ ਕਿਤਾਬ ਘਰ ਨੂੰ ਸਾੜਨ ਦੀ ਘਟਨਾ ਪੂਰਨਤਾ ਬਣਾਉਟੀ ਹੈ ਅਤੇ ਜਾਲੀ ਕਿਸੱਾ ਹੈ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹੁ ਅਨਹੁ ਨੇ ਵੀ ਆਪਣੀ ਕਿਤਾਬ ਤਸਦੀਕ ਬ੍ਰਾਹੀਨ ਅਹਮਦੀਆ ਵਿੱਚ ਵੀ ਇਸ ਇਤਰਾਜ਼ ਦਾ ਉਤੱਰ ਪੂਰਨ ਦਲੀਲਾਂ ਨਾਲ ਦੇਕੇ ਰੱਦ ਕੀਤਾ ਹੈ ।

ਹਜ਼ਰਤ ਉਮਰ ਫ਼ਾਰੂਕ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਇਸਲਾਮੀ ਹੁਕੂਮਤ ਪੂਰਬ ਵਿੱਚ ਜੇਹੂਨ ਦਰਿਆ ਅਤੇ ਸਿੰਧ ਦਰਿਆ ਤੋਂ ਲੈਕੇ ਪਛੱਮ ਵਿੱਚ ਅਫ਼ਰੀਕਾ ਦੇ ਜੰਗਲਾ ਤੱਕ ਅਤੇ ਉਤੱਰ ਵਿੱਚ ਏਸ਼ੀਆ ਦੇ ਕੋਚਕ ਪਹਾੜਾਂ ਤੇ ਆਰਮੀਨੀਆਂ ਤੋਂ ਲੈਕੇ ਦਖੱਣ ਵਿੱਚ ਪ੍ਰਸ਼ਾਂਤਸਾਗਰ ਤੇ ਨੋਬਾ ਤੱਕ ਇਕ ਵਿਸ਼ਵਿਆਪੀ ਦੇਸ਼ ਦੀ ਅਵਸਥਾ ਵਿੱਚ ਸੰਸਾਰ ਦੇ ਨਕਸ਼ੇ ਉਪੱਰ ਪ੍ਰਕਟ ਹੋਇਆ ਅਤੇ ਸਾਰਿਆਂ ਨੇ ਇਸਲਾਮ ਹੇਠ ਨਿਆਏ ਅਤੇ ਰਹਿਮਤ ਵਿੱਚ ਅਮਨ ਦੇ ਸ਼ਾਂਤੀ ਨਾਲ ਜੀਵਨ ਬਤੀਤ ਕੀਤਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜਿੱਥੇ ਰੱਬ ਨੇ ਅਗਿਆ ਦਿੱਤੀ ਕਿ ਜੇਕਰ ਤੁਹਾਨੂੰ ਕੋਈ ਇਕ ਥਪੱੜ ਮਾਰੇ ਤਾਂ ਤੁਸੀਂ ਵੀ ਉਸ ਨੂੰ ਥਪੱੜ ਮਾਰੋ, ਉੱਥੇ ਉਸਨੇ ਇਹ ਵੀ ਕਿਹਾ ਕਿ ਜੇਕਰ ਤੁਸੀਂ ਮੁਕਾਬਲਾ ਕਰਨਾ ਕਿਸੇ ਕਾਰਣ ਵਿਰੁਧ ਸਮਝੋ ਤਾਂ ਚੁੱਪ ਰਹੋ ਅਤੇ ਥਪੱੜ ਦਾ ਉਤੱਰ ਨ ਦਿਓ । ਇਸ ਗੱਲ ਦੀ ਦਲੀਲ ਨਹੀਂ ਮਿਲਦੀ ਕਿ ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ, ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਅਫ਼ਗ਼ਾਨਿਸਤਾਨ ਅਤੇ ਬੁਖ਼ਾਰਾ ਦੇ ਕਬੀਲਿਆਂ ਅਤੇ ਕੁਰਦਾਂ ਤੇ ਅਤਿਆਚਾਰਾਂ'ਤੇ ਉਹਨਾ ਨੂੰ ਮੁਆਫ਼ ਕਿਉਂ ਨ ਕਰ ਦਿਤੱਾ । ਇਸ ਦਾ ਕਾਰਣ ਇਹੋ ਦੱਸਿਆ ਜਾਂਦਾ ਹੈ ਕਿ ਉਹ ਜਾਣਦੇ ਸਨ ਕਿ ਕਈ ਕਬੀਲਿਆਂ ਨੇ ਮੁਸਲਮਾਨਾ'ਤੇ ਹਮਲਾਂ ਨਹੀਂ ਕੀਤਾ ਸਗੋਂ ਰੱਬ ਨੇ ਹਮਲਾ ਕੀਤਾ ਹੈ ਤਾਂ ਜੋ ਮੁਸਲਮਾਨ ਜਾਗ੍ਰਿਤ ਹੋਣ ਅਤੇ ਉਨਹਾ ਦੇ ਅੰਦਰ ਇਕ ਨਵੀਂ ਆਤਮਾ ਅਤੇ ਇਕ ਨਵਾਂ ਜੀਵਨ ਜਾਗ੍ਰਿਤ ਹੋਵੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਇਸ ਹਵਾਲੇ ਨਾਲ ਇਕ ਖ਼ੁਤਬੇ (ਭਾਸ਼ਣ) ਵਿੱਚ ਜਮਾਤ ਨੂੰ ਨਸੀਹਤ ਕੀਤੀ ਕਿ ਮੁਸੀਬਤਾਂ ਤੇ ਔਕੁੜਾਂ ਸਾਨੂੰ  ਰੱਬ ਦੇ ਨੇੜੇ ਲਿਆਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਇਹੋ ਹੀ ਫਿਰ ਜਿਤੱਾਂ ਦਾ ਸਬਬ ਬਣਦੀਆਂ ਹਨ । ਜੇਕਰ ਇਹਨਾ ਗਲੱਾਂ ਵਿੱਚ ਅਸੀਂ ਕੇਵਲ ਡਰਕੇ ਪਿੱਛੇ ਪਿੱਛੇ ਰਹਿੰਦੇ ਰਹੀਏ ਅਤੇ ਆਪਣੇ ਸੁਧਾਰ ਵੱਲ ਧਿਆਨ ਨ ਦੇਈਏ ਤਾਂ ਫਿਰ ਤਰੱਕੀ ਨਹੀਂ ਹੋ ਸਕਦੀ । ਜੱਦ ਤਰੱਕੀਆਂ ਮਿਲ ਜਾਣ ਅਤੇ ਮੁਸੀਬਤਾਂ ਮੁੱਕ ਜਾਣ ਤੱਦ ਇਹਨਾਂ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਰੱਬ ਵੱਲ ਬਹੁਤਾ ਧਿਆਨ ਦੇਣਾ ਚਾਹੀਦਾ ਹੈ ਅਤੇ ਸਾਨੂੰ ਆਪਣੀ ਰੂਹਾਨੀ ਤਰੱਕੀ ਅਤੇ ਰੂਹਨੀ ਬਿਹਤਰੀ ਵੱਲ ਧਿਆਨ ਦੇਣ ਚਾਹੀਦਾ ਹੈ । ਅੱਜ ਕੱਲ ਵੀ ਹਰ ਅਹਮਦੀ ਲਈ ਇਹੋ ਗੱਲ ਸਮਝਣ ਵਾਲੀ ਹੈ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma  01.10.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)